**ਦਫਤਰ ਡਾਇਰੈਕਟਰ ਸਿਖਿਆ ਵਿਭਾਗ (ਸੈ : ਸਿ :), ਪੰਜਾਬ।**

(ਪੰਜਾਬ ਸਕੂਲ ਸਿਖਿਆ ਬੋਰਡ ਕੰਪਲੈਕਸ, ਫੇਜ-8, ਐਸ ਏ ਐਸ ਨਗਰ)

# ਪਬਲਿਕ ਨੋਟਿਸ

**(693 ਅਸਾਮੀਆ ਵਿਰੁੱਧ ਸਿਲੈਕਟ ਹੋਏ ਸਕੂਲ ਲਾਇਬਰੇਰੀਅਨ ਨੂੰ ਨਿਯੁਕਤੀ ਪੱਤਰ ਜਾਰੀ ਕਰਨ ਅਤੇ ਸਟੇਸਨ ਦੀ ਚੋਣ ਕਰਵਾਉਣ ਸਬੰਧੀ)**

1.0 ਅਧੀਨ ਸੇਵਾਂਵਾਂ ਚੋਣ ਬੋਰਡ, ਪੰਜਾਬ ਵਲੋਂ ਸਕੂਲ ਲਾਇਬਰੇਰਿਅਨ ਦੀਆਂ 693 ਅਸਾਮੀਆ ਭਰਨ ਲਈ ਮਿਤੀ 02-04-2021 ਨੂੰ ਇਸ਼ਤਿਹਾਰ ਦਿਤਾ ਗਿਆ ਸੀ। ਇਹਨਾਂ ਅਸਾਮੀਆ ਵਿਰੁੱਧ ਸਿਲੈਕਟ ਹੋਏ ਉਮੀਦਵਾਰਾਂ ਦੀ ਸਿਲੈਕਸਨ ਲਿਸਟ ਅਧੀਨ ਸੇਵਾਂਵਾਂ ਚੋਣ ਬੋਰਡ, ਪੰਜਾਬ ਵਲੋਂ ਪ੍ਰਾਪਤ ਹੋਈ ਸੀ। ਇਹਨਾਂ ਸਿਲੈਕਟ ਹੋਏ ਉਮੀਦਵਾਰਾਂ ਦੀ ਲਿਸਟ ਵਿਭਾਗ ਦੀ ਵੈਬਸਾਇਟ ssapunjab.org ਤੇ ਮਿਤੀ 05-10-2021 ਨੂੰ ਅਪਲੋਡ ਕੀਤੀ ਗਈ ਹੈ।

2.0 **ਇਹਨਾਂ ਉਮੀਦਵਾਰਾਂ ਨੂੰ ਵਿਭਾਗ ਵਲੋਂ ਮਿਤੀ 11-10-2021 ਨੂੰ ਸਵੇਰੇ 9 ਵਜੇ, ਆਡੀਟੋਰੀਅਮ, ਪੰਜਾਬ ਮਿਉਂਸੀਪਲ ਭਵਨ , ਸਥਾਨਕ ਸਰਕਾਰ ਵਿਭਾਗ,ਪੰਜਾਬ, ਸੈਕਟਰ-35-ਏ, ਨੇੜੇ ਕਿਸਾਨ ਭਵਨ, ਚੰਡੀਗੜ੍ਹ ਵਿਖੇ ਨਿਯੁਕਤੀ ਪੱਤਰ ਜਾਰੀ ਕੀਤੇ ਜਾਣੇ ਹਨ ਅਤੇ ਸਟੇਸ਼ਨ ਦੀ ਚੋਣ ਕਰਵਾਈ ਜਾਣੀ ਹੈ।**

3.0 ਸਾਰੇ ਨਵ-ਨਿਯੁਕਤ ਲਾਇਬਰੇਰੀਅਨ ਦੀ ਸਟੇਸ਼ਨ ਚੋਣ ਸੂਚੀ ਤਿਆਰ ਕੀਤੀ ਗਈ ਹੈ, ਜੋ ਕਿ ਇਸ ਨੋਟਿਸ ਨਾਲ ਨੱਥੀ ਕੀਤੀ ਜਾਂਦੀ ਹੈ। ਸਮੂਹ ਨਵ-ਨਿਯੁਕਤ ਲਾਇਬਰੇਰੀਅਨ ਨੂੰ ਤੈਨਾਤੀ ਲਈ ਸਟੇਸ਼ਨ ਦੀ ਚੋਣ ਇਸੇ ਚੋਣ ਸੂਚੀ ਵਿਚ ਦਰਜ ਕ੍ਰਮ ਅਨੁਸਾਰ ਕਰਵਾਈ ਜਾਵੇਗੀ।

4.0 ਜੇਕਰ ਕੋਈ ਨਵ-ਨਿਯੁਕਤ ਲਾਇਬਰੇਰੀਅਨ ਆਪਣੇ ਸਟੇਸ਼ਨ ਅਲਾਟਮੈਂਟ ਲਈ ਉਚ ਅਧਿਕਾਰੀਆਂ ਪਾਸ ਕਿਸੇ ਵੀ ਤਰਾਂ ਪਹੁੰਚ ਕਰੇਗਾ ਜਾਂ ਕਿਸੇ ਵੀ ਤਰਾਂ ਸਿਫਾਰਿਸ ਕਰਵਾਏਗਾ ਤਾਂ ਉਸ ਨੂੰ ਉਸ ਦੀ ਪਸੰਦ ਅਨੁਸਾਰ ਸਟੇਸ਼ਨ ਅਲਾਟ ਨਹੀ ਕੀਤਾ ਜਾਵੇਗਾ ਅਤੇ ਵਿਭਾਗ ਵਲੋਂ ਉਸ ਨੂੰ ਆਪਣੇ ਆਪ ਸਟੇਸ਼ਨ ਅਲਾਟ ਕਰ ਦਿੱਤਾ ਜਾਵੇਗਾ। ਇਸ ਸਬੰਧੀ ਪਹਿਲਾ ਹੀ ਪੰਜਾਬ ਸਰਕਾਰ ਦੇ **ਸਰਕਾਰੀ ਕਰਮਚਾਰੀ (ਕੰਡਕਟ) ਰੂਲਜ, 1966** ਵਿਚ ਸਪਸ਼ਟ ਤੋਰ ਤੇ ਦਰਜ ਕੀਤਾ ਹੋਇਆ ਹੈ। ਇਸ ਲਈ **ਨਵ-ਨਿਯੁਕਤ ਲਾਇਬਰੇਰੀਅਨ** ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹਨਾ ਵਲੋਂ ਸਟੇਸ਼ਨ ਅਲਾਟਮੈਂਟ ਲਈ ਵਿਭਾਗ ਤੇ ਕਿਸੇ ਵੀ ਤਰਾਂ ਦੇ ਬਾਹਰੀ ਦਬਾਅ ਪਾਉਣ ਤੋ ਗੁਰੇਜ ਕੀਤਾ ਜਾਵੇ।

5.0 ਜੇਕਰ ਕੋਈ ਨਵ-ਨਿਯੁਕਤ ਲਾਇਬਰੇਰੀਅਨ ਮਿਥੇ ਸਮੇ ਤੇ ਸਟੇਸਨ ਚੋਣ ਕਰਨ ਲਈ ਹਾਜਰ ਨਹੀ ਹੁੰਦਾ ਤਾਂ ਉਸ ਨੂੰ ਵਿਭਾਗ ਵਲੋਂ ਸਟੇਸਨ ਅਲਾਟ ਕਰ ਦਿੱਤਾ ਜਾਵੇਗਾ ਅਤੇ ਬਾਅਦ ਵਿੱਚ ਉਸ ਦਾ ਸਟੇਸਨ ਚੋਣ ਲਈ ਕੋਈ ਕਲੇਮ ਵਿਚਾਰਿਆ ਨਹੀ ਜਾਵੇਗਾ।

ਸੁਪਰਡੈਂਟ ਦਫਤਰੀ ਅਮਲਾ ਸ਼ਾਖਾ

ਨੰ: ਸਪੈਸਲ /3 -ਦਅ(2)

ਮਿਤੀ: 9-10-2021

Scanned with CamScanner